# TODAY'S HUKAMNAMA FROM SRI DARBAR SAHIB
## Sri Amritsar.

**[June 19, 2013, Wednesday 04:30 AM. IST]**

ਸਲੋਕੁ ਮਃ ੩ ॥

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ॥ ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੁਝੈ ਕੋਇ ॥ ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥ ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥੧॥ ਮਃ ੩ ॥ ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥ ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥ ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ ॥ ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥ ਪਉੜੀ ॥ ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ ॥ ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰ ਸਬਦੀ ਖੋਲਾਈਅਨ੍ਿ ਹਰਿ ਨਾਮੁ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥

ਪ੍ਰਭੂ ਮਿਲਾਪ ਦਾ ਅਨੁਭਵ 'ਵਾਹੁ ਵਾਹੁ" ਹੈ ਭਾਵ ਜਦੋਂ ਕੋਈ ਜਿਗਿਆਸੂ ਸੱਚੇ ਹਿਰਦੇ ਨਾਲ ਸਿਮਰਨ ਕਰਦਾ ਹੈ ,ਸਿਫ਼ਤ ਸਾਲਾਹ ਕਰਦਾ ਹੈ ਤਾਂ ਅਖੀਰ ਪ੍ਰਭੂ ਦੀਆਂ ਅਨੁਭਵੀ ਝਲਕਾਂ ਮਹਿਸੂਸ ਕਰਦਾ ਵਿਸਮਾਦ ਵਿਚ ਲੀਨ ਹੋ ਜਾਂਦਾ ਹੈ । ।ਇਹ ਅਵੱਸਥਾ ਗੁਰਬਾਣੀ ਦੇ ਗਾਯਨ,ਮਨਨ,ਚਿੰਤਨ ਨਾਲ ਪ੍ਰਾਪਤ ਹੁੰਦੀ ਹੈ ।ਰੋਜ਼ਾਨਾ ਜੀਵਨ ਵਿਚ ਵੀ ਅਜਿਹੇ ਸੱਚੇ ਜਿਗਿਆਸੂ ਨੂੰ ਪ੍ਰਭੂ ਦੀ ਜੋਤ ਅੰਗਸੰਗ ਪ੍ਰਤੀਤ ਹੁੰਦੀ ਹੈ ।ਅਜਿਹੇ ਵਰੋਸਾਏ ਹੋਏ ਮਨੁੱਖ ਦੀ ਸੋਚ ਤੇ ਵਿਹਾਰ ਸੰਸਾਰੀਆਂ ਦੀ ਆਮ ਵਰਤੋਂ ਨਾਲੋ ਨਿਆਰਾ ਤੇ ਉੱਚਾ ਹੁੰਦਾ ਹੈ ਤੇ ਸੰਪਰਕ ਵਿਚ ਆਏ ਲੋਕ ਉਸਦੇ ਕਿਰਦਾਰ ਤੇ ਮੋਹਿਤ ਹੋ ਜਾਂਦੇ ਹਨ।ਮੋਹ ਮਾਇਆ ਵਿਚ ਫੱਸੇ ਆਮ ਸੰਸਾਰੀ ਵੀ ਇਸ ਅਵੱਸਥਾ ਤੇ ਪੁੱਜਣ ਦੀ ਕੋਸ਼ਿਸ਼ ਤਾਂ ਕਰਦੇ ਹਨ ਪਰੰਤੂ ਆਪਣੇ ਮਨ ਦੁਆਲੇ ਵੱਲੇ ਹੋਏ ਝੂਠ ਦੇ ਦਾਇਰੇ ਚੋਂ ਨਿਕਲ ਨਹੀਂ ਸਕਦੈ ।ਇਹ ਬੱਜਰ ਕਪਾਟ ਵੀ ਗੁਰੂ ਦੀ ਕਿਰਪਾ ਨਾਲ ਖੁਲ੍ਹ ਸਕਦੇ ਹਨ ਪਰੰਤੂ ਇਸ ਲਈ ਬਾਣੀ ਦਾ ਅੰਮ੍ਰਿਤ ਪੀਣਾ ਲਾਜ਼ਮੀ ਹੈ ।